ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਮੁੱਖ ਰਾਜਸੀ ਏਜੰਡਾ

ਇਸ ਵੇਲੇ ਦੇਸ਼ ਵਿਚ ਜੋ ਰਾਜਸੀ ਅਤੇ ਪ੍ਰਬੰਧਕੀ ਵਰਤਾਰਾ ਚਲ ਰਿਹਾ ਹੈ, ਉਹ ਮੁਕੰਮਲ ਤੌਰ 'ਤੇ ਗ਼ਰੀਬ-ਦੁਸ਼ਮਣ ਹੈ। ਦੇਸ਼ ਦੀ 80 ਫੀਸਦੀ ਵਸੋਂ ਜ਼ਿੰਦਗੀ ਦੀਆਂ ਬੁਨਿਯਾਦੀ ਸਹੂਲਤਾਂ ਤੋਂ ਵਾਂਝੀ ਜ਼ਿੰਦਗੀ ਗੁਜ਼ਾਰ ਰਹੀ ਹੈ, ਪਰ ਦੇਸ਼ ਦਾ ਵਰਤਾਰਾ ਜੋ ਲੋਕ ਚਲਾ ਰਹੇ ਹਨ, ਉਹਨਾਂ ਨੂੰ ਇਸ ਬਾਰੇ ਕੋਈ ਫ਼ਿਕਰ ਨਹੀਂ ਹੈ। ਇਹ ਕਹਿਣਾ ਹੀ ਕਾਫ਼ੀ ਨਹੀਂ ਕਿ ਉਹਨਾਂ ਨੂੰ ਫ਼ਿਕਰ ਨਹੀਂ, ਸਗੋਂ ਉਹ ਤਾਂ ਉਲਟਾ ਇਹ ਚਾਹੁੰਦੇ ਹਨ ਕਿ ਜੇ ਕੋਈ ਫ਼ਿਕਰ ਕਰਦਾ ਹੈ, ਉਹਦਾ ਧਿਆਨ ਵੀ ਹੋਰ ਪਾਸੇ ਲੈ ਜਾਓ। ਨੋਬਲ ਇਨਾਮ ਜਿੱਤਣ ਵਾਲਾ ਅਮਰਿਤਿਯ ਸੇਨ ਜੇਕਰ ਇਹ ਫ਼ਿਕਰ ਜ਼ਾਹਿਰ ਕਰਦਾ ਹੈ ਕਿ ਜੇ ਦੇਸ਼ ਦੀ ਬਹੁਤੀ ਆਬਾਦੀ ਅਨਪੜ੍ਹ ਤੇ ਗਿਆਨ ਤੋਂ ਵਾਂਝੀ ਰਹੇਗੀ ਤਾਂ ਕੋਈ ਵੀ ਤਰੱਕੀ ਦਾ ਪ੍ਰਾਜੇਕਟ ਕਾਮਯਾਬ ਨਹੀਂ ਹੋ ਸਕਦਾ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਸਿੰਘਲ ਇਹ ਬਿਆਨ ਦੇ ਕੇ ਸੇਨ ਨੂੰ ਨੋਬਲ ਇਨਾਮ ਇਸਾਈਆਂ ਦੀ ਇਕ ਸਾਜ਼ਿਸ਼ ਅਧੀਨ ਦਿੱਤਾ ਗਿਆ ਹੈ, ਲੋਕਾਂ ਦਾ ਧਿਆਨ ਲਾਂਭੇ ਲਿਜਾਣਾ ਚਾਹੁੰਦਾ ਹੈ ਤਾਂ ਜੋ ਇਹ ਬਹਿਸ ਛਿੜ ਜਾਏ ਕਿ ਇਹ ਸਾਜ਼ਿਸ਼ ਹੈ ਜਾਂ ਨਹੀਂ? ਅਸਲੀ ਮੁੱਦਾ ਵਿਸਰ ਜਾਏ।

ਭਾਰਤ ਦੇ ਲੋਕਾਂ ਲਈ ਮੁੱਖ ਏਜੰਡਾ ਇਕੋ ਹੀ ਹੈ ਕਿ ਗਰੀਬੀ, ਅਨਪੜ੍ਹਤਾ, ਅਗਿਆਨਤਾ ਕਿਸ ਤਰ੍ਹਾਂ ਦੂਰ ਕੀਤੀ ਜਾਏ, ਹਰ ਇਕ ਮੁੱਦਾ ਇਸੇ ਸੰਦਰਭ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਇਹਦੇ ਨਾਲ ਹੀ ਖੱਬੀ ਧਿਰ ਦੀ ਵੱਖਰੀ ਰਾਜਸੀ ਪਹਿਚਾਣ ਬਣਦੀ ਹੈ। ਖੱਬੀ ਧਿਰ ਨੂੰ ਇਹ ਏਜੰਡਾ ਲੀਹ ਤੋਂ ਨਹੀਂ ਲਹਿਣ ਦਿੱਤਾ ਜਾਣਾ ਚਾਹੀਦਾ। ਭਾਜਪਾ, ਸ਼ਿਵ ਸੈਨੀਏ, ਬਜ਼ਰੰਗ ਦਲੀਏ, ਵਿਸ਼ਵ ਹਿੰਦੂ ਪ੍ਰੀਸ਼ਦੀਏ ਇਸ ਏਜੰਡਾ ਵੱਲ ਲੋਕਾਂ ਨੂੰ ਨਹੀਂ ਆਉਣ ਦੇਣਾ ਚਾਹੁਣਗੇ। ਵੈਸੇ ਅਮਰਿਤਿਯ ਸੇਨ ਨੇ ਇਹਨਾਂ ਨੂੰ ਵਾਜਬ ਜਵਾਬ ਦਿੱਤਾ ਹੈ। ਜਦੋਂ ਉਹਨਾਂ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਵਾਲਿਆਂ ਦੇ ਬਿਆਨ ਬਾਰੇ ਟਿੱਪਣੀ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਨੇ ਇਹਨਾਂ ਨੂੰ ਕੋਈ ਮਹੱਤਤਾ ਦੇਣ ਦੀ ਥਾਂ ਇਹੀ ਕਿਹਾ ਕਿ ਇਹ ਮੇਰਾ ਕੰਮ ਨਹੀਂ ਯਾਨੀ ਫਜ਼ੂਲ ਬੰਦਿਆਂ ਦੀ ਹਰ ਗੱਲ ਦਾ ਜਵਾਬ ਦੇਣਾ ਮੇਰੀ ਕੋਈ ਮਜਬੂਰੀ ਨਹੀਂ। ਮੈਂ ਆਪਣੀ ਗੱਲ ਕਹਿ ਦਿੱਤੀ ਹੈ ਤੇ ਜ਼ੋਰ ਨਾਲ ਕਹਿ ਦਿੱਤੀ ਹੈ ਕਿ ਜਿੰਨਾ ਚਿਰ ਅਨਪੜ੍ਹਤਾ ਦੂਰ ਨਹੀਂ ਕੀਤੀ ਜਾਏਗੀ, ਭਾਰਤ ਦੀ ਤਰੱਕੀ ਦਾ ਕੋਈ ਪ੍ਰਾਜੇਕਟ ਕਾਮਯਾਬ ਨਹੀਂ ਹੋ ਸਕਦਾ।

ਹੁਣ ਪੰਜਾਬ ਹੀ ਲਵੋ। ਪਿਛਲੇ ਕੁਝ ਹਫ਼ਤਿਆਂ ਤੋਂ ਬਾਦਲ-ਟੌਹੜਾ ਦਾ ਵਖਰੇਵਾਂ ਚਲ ਰਿਹਾ ਹੈ, ਇਹ ਵੀ ਅਸਲੀ ਏਜੰਡਾ ਤੋਂ ਰਾਜਨੀਤੀ ਨੂੰ ਲੀਹੋਂ ਲਾਉਣ ਵਾਲੀ ਗੱਲ ਹੈ। ਇਹ ਦੋਨੋਂ ਲੀਡਰ ਲੜਦੇ ਵੀ ਹਨ ਪਰ ਇਕ ਦੂਜੇ ਨੂੰ ਸਿਰੋਪੇ ਵੀ ਦੇਂਦੇ ਹਨ। ਸਿੰਘ ਸਾਹਿਬ ਇਹ ਕਹਿ ਦੇਂਦੇ ਹਨ ਕਿ ਉਹ ਪੰਥ ਦੇ ਪਵਿੱਤਰ ਸਿੱਕੇ ਦੇ ਦੋ ਪਾਸੇ ਹਨ। ਉਂਝ ਉਹਨਾਂ ਦਾ ਇਹ
ਕਹਿਣਾ ਬਣਦਾ ਸੀ ਕਿ ਇਕੋ ਥੈਲੀ
ਚੱਟੇ-ਵੱਟੇ ਨੇ। ਉਂਝ ਉਹਨਾਂ ਇਹ ਕਹਿ ਦਿੱਤ
ਹੈ ਕਿ ਕਈ ਬਾਦਲ ਆਏ ਤੇ ਕਈ ਟੌਹੜੇ ਗ
ਪੰਥ ਤਾਂ ਚਲਦਾ ਹੀ ਰਹੇਗਾ। ਲੋਕਾਂ ਦਾ
ਭਾਵੇਂ ਇਹ ਕਹਿਣਾ ਬਣਦਾ ਹੈ ਕਿ ਜ਼ਿੰਦਗ
ਦਾ ਰੱਥ ਚੱਲਦਾ ਹੀ ਰਹੇਗਾ ਪਰ ਇਹੋ ਜਿਹੀਅ
ਖੇਡਾਂ ਜਦੋਂ ਖੇਡੀਆਂ ਜਾਂਦੀਆਂ ਹਨ ਤਾਂ ਦੋ ਵੱ
ਖ਼ਤਰੇ ਸਾਹਮਣੇ ਆ ਜਾਂਦੇ ਹਨ। ਇਹਨਾਂ ਬਾ
ਖ਼ਬਰਦਾਰ ਹੋਣਾ ਜ਼ਰੂਰੀ ਹੈ।

ਪਹਿਲਾ ਵੱਡਾ ਖ਼ਤਰਾ ਇਹ ਹੈ ਕਿ ਲੋਕ
ਤੋਂ ਅਸਲੀ ਏਜੰਡਾ ਵਿਸਰ ਜਾਂਦਾ ਹੈ ਤੇ ਦੂਜ
ਵੱਡਾ ਖ਼ਤਰਾ ਹੈ ਕਿ ਆਮ ਬੰਦਾ ਸਿਆਸ
ਤੋਂ ਬਦਜ਼ਨ ਹੋ ਜਾਂਦਾ ਹੈ, ਜਦਕਿ ਹਰ ਇ
ਸੂਝਵਾਨ ਬੰਦਾ ਜਾਣਦਾ ਹੈ ਕਿ ਸਿਆਸਤ
ਬਿਨਾ ਦੇਸ਼ ਦੀ ਕੋਈ ਹਾਲਤ ਬਦਲੀ ਨਹੀਂ ਜ
ਸਕਦੀ। ਜਿਹੜੀ ਧਿਰ ਸੱਤਾ ਸਾਂਭਕੇ ਬੈਠੀ ਹੈ
ਉਹਨੇ ਹੀ ਫ਼ੈਸਲਾ ਕਰਨਾ ਹੈ ਕਿ ਦੇਸ਼ ਦ
ਵਰਤਾਰਾ ਕਿਸ ਵਰਗ ਦੇ ਹਿੱਤ ਵਿਚ ਚਲੇ
ਕਾਂਗਰਸ ਵਾਲਿਆਂ ਨੇ 50 ਸਾਲ ਜਿਹੜ
ਭ੍ਰਿਸ਼ਟ ਵਰਤਾਰਾ ਚਲਾਇਆ, ਉਸ ਨਾਲ ਕੁ
ਲੋਕਾਂ ਦੀ ਇਹ ਧਾਰਨਾ ਬਣ ਗਈ ਹੈ ਕਿ
ਸਿਆਸਤ ਚੋਰਾਂ ਦਾ ਪੇਸ਼ਾ ਹੀ ਹੈ। ਇਸ ਧਾਰਨ
ਵਿਚ ਵਚਨਬੱਧ ਅਤੇ ਇਮਾਨਦਾਰ ਲੋਕਾਂ ਦ
ਆਵਾਜ਼ ਗੁੰਮ ਹੁੰਦੀ ਜਾਪਦੀ ਹੈ। ਇਹ ਇ
ਵੱਡੀ ਤ੍ਰਾਸਦੀ ਹੈ। ਇਸੇ ਤਰ੍ਹਾਂ ਜੇ ਬੇਮਾਅਨ
ਮੁੱਦਿਆਂ ਉੱਤੇ ਬਹਿਸ ਛਿੜਦੀ ਰਹੇ ਭਾਵੇਂ ਉ
ਬਹਿਸ ਪਾਰਲੀਮੈਂਟ ਵਿਚ ਹੋਵੇ, ਅਖਬਾਰਾਂ ਵਿ
ਹੋਵੇ ਜਾਂ ਪਬਲਿਕ ਫੋਰਮਾਂ ਤੇ ਹੋਵੇ ਤਾਂ ਲੋ
ਅੱਕ ਜਾਣਗੇ। ਅੱਕ ਕੇ ਜਾਂ ਉਹ ਹਾਕਮਾਂ
ਗਲ ਪੈਣਗੇ ਜਾਂ ਮਾਯੂਸ ਹੋ ਕੇ ਬੇਬੱਸ ਹੋ ਜਾਣਗੇ
ਬੇਬੱਸੀ ਖੁਦਕੁਸ਼ੀਆਂ ਨੂੰ ਵੀ ਜਨਮ ਦੇ ਸਕਦ
ਹੈ। ਖੱਬੀ ਧਿਰ ਦੀ ਇਕ ਭੂਮਿਕਾ ਬਣਦੀ
ਕਿ ਲੋਕਾਂ ਨੂੰ ਮਾਯੂਸ ਨਾ ਹੋਣ ਦੇਵੇ। ਆਪ
ਛੋਟੇ-ਮੋਟੇ ਵਖਰੇਵੇਂ ਭੁੱਲਕੇ ਲੋਕਾਂ ਨੂੰ ਸਚ
ਮੁੱਦਿਆਂ ਤੇ ਲਾਮਬੰਦ ਕੀਤਾ ਜਾਏ। ਉਹਨ
ਨੂੰ ਚੇਤਨ ਕੀਤਾ ਜਾਏ ਕਿ ਇਹ ਲਾਮਬੰਦ
ਸਹੀ ਸਿਆਸਤ ਦਾ ਅੰਗ ਹੈ।

ਅਖਬਾਰਾਂ ਵਿਚ ਢੇਰ ਸਾਰੀਆਂ ਖ਼ਬਰ
ਉਹ ਹੋਣਗੀਆਂ ਜਿਹਨਾਂ ਦਾ ਸਾਧਾਰਨ ਬੰ
ਨਾਲ ਕੋਈ ਸਰੋਕਾਰ ਨਹੀਂ, ਮਾਰੂਤੀ ਕਾਰ ਦ
ਕੀਮਤ ਘੱਟ ਗਈ ਹੈ ਜਾਂ ਵੱਧ ਗਈ ਹੈ
ਨਵੀਆਂ ਕਾਰਾਂ ਮਾਰਕੀਟ ਵਿਚ ਆ ਗਈਆ
ਹਨ। ਇਸ ਖ਼ਬਰ ਦਾ ਸਰੋਕਾਰ 10 ਹਜ਼ਾਰ ਵਿ
ਇਕ ਬੰਦੇ ਨਾਲ ਵੀ ਨਹੀਂ ਹੋਏਗਾ, ਪਰ ਸੁਰਖ
ਵੱਡੀ ਹੋਏਗੀ। ਖੱਬੀ ਧਿਰ ਨੇ ਲੋਕਾਂ ਨੂੰ ਅਸਲ
ਮੁੱਦੇ ਤੇ ਚੇਤਨ ਕਰਨਾ ਹੈ। ਅਸਲੀ ਮੁੱਦਾ 8
ਫੀਸਦੀ ਲੋਕਾਂ ਦਾ ਜ਼ਿੰਦਗੀ ਦੀ ਸਹੂਲਤਾਂ
ਵਾਂਝੇ ਰਹਿ ਕੇ ਜੀਣ ਦੀ ਮਜਬੂਰੀ ਹੈ। ਇ
ਚੇਤਨਾ ਦੇ ਅਮਲ ਵਿਚ ਅਮਰਿਤਿਯ ਸੇਨ
ਵੀ ਹਿੱਸਾ ਪਾਉਣਾ ਹੈ। ਸਾਹਿਤਕਾਰ
ਨਾਟਕਕਾਰਾਂ, ਕਲਾਕਾਰਾਂ, ਬੁੱਧੀਜੀਵੀਆਂ ਅ
ਸਿਆਸੀ ਕਾਰਕੁੰਨਾਂ ਸਭ ਨੇ ਹਿੱਸਾ ਪਾਉਣ
ਹੈ। ਇਹ ਅੱਜ ਦੀ ਸਭ ਤੋਂ ਵੱਡੀ ਜ਼ਰੂਰਤ ਹੈ